ੴ ਵਾਹਿਗੁਰੂ ਜੀ ਕੀ ਫਤਹਿ॥

# ਭਗਉਤੀ

(ਗਿਆਨੀ ਦਿੱਤ ਸਿੰਘ ਜੀ ਦੀ ਲਿਖਤ 'ਦੁਰਗਾ ਪ੍ਰਬੋਧ' ਤੇ ਅਧਾਰਤ)

'ਭਗਉਤੀ' ਸ਼ਬਦ ਨੂੰ ਸਮਝਣ ਲਈ ਭਾਵ ਇਹ ਹੈ ਕਿ ਸ਼ਬਦ ਤਿੰਨ ਤਰ੍ਹਾਂ ਦੇ ਹੁੰਦੇ ਹਨ ਯੋਗਕ, ਰੂੜੀ ਤੇ ਲਾਛਣਕ।**ਯੋਗਕ** ਪਦ ਉਹ ਜੋ ਕਿਸੇ ਗੁਣ ਕਰਮ ਅਤੇ ਸੁਭਾਵ ਨੂੰ ਲੈਕੇ ਆਖੇ ਜਾਂਦੇ ਹਨ।ਜਿਵੇਂ ਚਾਰਪਾਈ ਨਾਮ 'ਮੰਜੀ' ਦਾ ਹੈ, ਕਿਉਂਕਿ ਉਸਦੇ ਚਾਰ ਪਾਵੇ ਹੁੰਦੇ ਹਨ।**ਰੂੜੀ** ਪਦ ਉਹ ਜੋ ਕਿਸੇ ਵਸਤੂ ਦੇ ਸਮਝਣ ਲਈ ਸੰਕੇਤ ਕੀਤੇ ਜਾਣ ਜਿਵੇਂ ਮੰਜਾ।ਇਸ ਤੋਂ ਇਹ ਸਿੱਧ ਨਹੀਂ ਹੁੰਦਾ ਜੋ ਇਸ ਦਾ ਨਾਮ 'ਮੰਜਾ' ਕਿਉਂ ਹੈ।**ਲਾਛਣਕ** ਪਦ ਉਹ ਹੁੰਦੇ ਹਨ ਜੋ ਸਿੱਧੇ ਤੌਰ ਪਰ ਆਪਣੇ ਲੱਛ ਨਾਂ ਪ੍ਰਗਟਾਉਂਦੇ ਹੋਣ ਪਰ ਕਿਸੇ ਦੂਸਰੇ ਨਾਲ ਸਬੰਧ ਕਰਕੇ ਉਸਦਾ ਗਿਆਨ ਕਰਨ।

ਗੁਰੂ ਜੀ ਮਹਾਰਾਜ ਨੇ ਅਕਾਲ ਪੁਰਖ ਦੇ ਬਹੁਤ ਸਾਰੇ 'ਯੋਗਕ' ਨਾਮ ਹੀ ਕਥਨ ਕੀਤੇ ਹਨ।ਸ੍ਰੀ ਮੁਖ ਵਾਕ ਹੈ:-ਤਵ ਸਰਬ ਨਾਮ ਕਥੈ ਕਵਣ ਕਰਮ ਨਾਮ ਬਰਣਤ ਸੁਮਤਿ॥ਅਰਥਾਤ ਹੇ ਅਕਾਲ ਪੁਰਖ ਤੇਰੇ ਸਾਰੇ ਨਾਮ ਤਾਂ ਕੋਈ ਨਹੀਂ ਜਾਣ ਸਕਦਾ, ਕਿੰਤੂ ਬੁਧਿਵਾਨ ਪੁਰਖਾਂ ਨੇ ਤੇਰੇ ਕਰਮ ਯਾ ਗੁਣ ਕਰਕੇ ਸਾਰੇ ਨਾਮ ਕਲਪੇ ਹੋਏ ਹਨ, ਜੋ ਬੋਲੇ ਜਾਂਦੇ ਹਨ, ਅਰ ਉਹ ਨਾਮ ਯੋਗਕ ਨਾਮ ਹਨ, ਜੈਸੇ ਪ੍ਰਮੇਸ਼ਰ, ਜਗਤੇਸ਼ਰ ਅਤੇ ਕਰਤਾ ਪੁਰਖ ਆਦਿ ਪਾਏ ਜਾਂਦੇ ਹਨ।ਇਸ ਵਾਸਤੇ ਭਗਉਤੀ ਪਦ ਦਾ ਅਰਥ ਭੀ ਅਕਾਲ ਪੁਰਖ ਹੀ ਹੈ ਅਤੇ ਇਹ ਉਸਦਾ ਯੋਗਕ ਨਾਮ ਹੈ।ਕਿਉਂਕਿ ਇਹ 'ਭਾਗਵਤ' ਅਤੇ 'ਇਤੀ' ਇੰਨ੍ਹਾਂ ਤਿੰਨ ਪਦਾਂ ਤੋਂ ਬਣਿਆਂ ਹੋਇਆ ਹੈ।ਜਿਸਦਾ ਅਰਥ ਉਹ ਭਾਗਾਂ ਵਾਲਾਂ ਹੈ, ਅਰਥਾਤ ਉਹ ਹਿੱਸਿਆਂ ਵਾਲਾ ਹੈ, ਪ੍ਰੰਤੂ 'ਈ' ਪਰ 'ਤੈ' ਲਾਉਣ ਤੇ ਇਹ ਇਸਤ੍ਰੀ ਲਿੰਗ ਬਣ ਜਾਂਦਾ ਹੈ।ਪਰ ਫਿਰ ਵੀ ਇਸਦਾ ਅਰਥ ਈਸ਼ਰ ਹੀ ਰਹਿੰਦਾ ਹੈ, ਕਿਉਂਕਿ ਉਪਾਸ਼ਨਾ ਕਾਲ ਵਿਚ ਉਸਨੂੰ ਮਹਾਨ ਜੋਤਿ ਤੇ ਮਹਾਨ ਸ਼ਕਤੀ ਬੋਲਣ ਕਰਕੇ ਇਹ ਨਹੀਂ ਪਾਇਆ ਜਾਂਦਾ ਕਿ ਉਹ ਇਕ ਬੁੱਢੀ ਮਾਈ ਹੈ।ਜੇ ਇਕ ਮਹਾਰਾਜ ਨੂੰ ਤਖਤ ਉਤੇ 'ਸਰਕਾਰ ਬੈਠੀ ਹੈ' ਕਿਹਾ ਜਾਵੇ ਤਾਂ ਉਸਦਾ ਇਹ ਮਤਲਬ ਨਹੀਂ ਕਿ ਕੋਈ ਇਸਤ੍ਰੀ ਬੈਠੀ ਹੈ।ਇਸੇ ਤਰ੍ਹਾਂ ਸੰਸਕ੍ਰਿਤ ਦਾ ਭਗਵਤੀ ਪਦ ਜੋ ਪੰਜਾਬੀ ਵਿਚ ਭਗਉਤੀ ਕਰਕੇ ਆਖਿਆ ਜਾਂਦਾ ਹੈ, ਇਸਦਾ ਭਾਵ ਅਕਾਲ ਪੁਰਖ ਹੀ ਹੈ।ਪ੍ਰੰਤੂ ਉਹ ਭਾਗ ਛੇ ਦੱਸੇ ਗਏ ਹਨ ਅਰ ਇਹ ਸੰਕੇਤ ਕੀਤਾ ਹੈ ਕਿ ਜਿਸ ਵਿਚ ਇਹ ਛੇ ਭਾਗ {(1.ਸੰਪੂਰਨ ਯਸ 2.ਸੰਪੂਰਨ ਲਛਮੀ 3.ਸੰਪੂਰਨ ਈਸ਼੍ਵਰਜ 4.ਸੰਪੂਰਨ ਗਿਆਨ 5.ਸੰਪੂਰਨ ਬੀਰਜ 6.ਸੰਪੂਰਨ ਵੈਰਾਗ)} ਹੋਣ ਉਹ ਭਗਵਾਨ ਅਰਥਾਤ ਈਸ਼ਰ ਹੈ।ਈਸ੍ਵਰ ਕੇ ਖਟ ਗੁਨ ਕੋ ਜਾਨ।ਜਾਂ ਤੇ ਕਹੀਯਤ ਹੈ ਭਗਵਾਨ।ਜਸ ਐਸ੍ਵਰਜ ਵਿਰਾਗ ਉਦਾਰ।ਲਛਮੀ ਗਿਆਨ ਸੁ ਪੂਰਨ ਧਾਰ।ਗੁ.ਪ੍ਰ.ਸੂ.

ਜਦ ਵਿਚਾਰਿਆ ਜਾਵੇ ਤਾਂ ਸੰਸਾਰ ਵਿਚ ਸਾਰੇ, ਭਾਵ ਛੇ ਤਾਂ ਇਕ ਪਾਸੇ ਕੋਈ ਇਕ ਗੁਣ ਭੀ ਪੂਰਾ ਕਿਸੇ ਸੰਸਾਰਕ ਪਦਾਰਥ ਵਿਚ ਨਹੀਂ ਪਾਇਆ ਜਾਂਦਾ।ਕਿਉਂਕਿ ਸੰਪੂਰਨ ਗਿਆਨ ਯਾ ਬੀਰਜ ਕੋਈ ਭੀ ਪਦਾਰਥ ਨਹੀਂ ਰੱਖ ਸਕਦਾ ਜਿਸਤੇ ਉਹ ਭਾਗਵਤ ਹੋਣ ਦੇ ਯੋਗ ਕਿਹਾ ਜਾਏ।ਹੁਣ ਸਾਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਜਿਸ 'ਭਗਾਉਤੀ' ਅਤੇ 'ਦੁਰਗਾ' ਯਾ 'ਚੰਡੀ' ਆਦਿਕ ਨਾਮ ਇੰਨ੍ਹਾਂ ਲੋਕਾਂ ਵੱਲੋਂ ਲਿਆ ਜਾਂਦਾ ਹੈ, ਕੀ ਉਹ ਇੰਨ੍ਹਾਂ ਉਪਰਲੇ ਗੁਣਾਂ ਵਾਲੀ ਹੋ ਸਕਦੀ ਹੈ, ਪਰ ਵਿਵੇਚਨਾ ਕਰਨ ਤੇ ਉਨ੍ਹਾਂ ਵਿਚ ਇਕ ਗੁਣ ਭੀ ਨਹੀਂ ਪਾਇਆ ਜਾਂਦਾ।

ਜਿਸ ਦੁਰਗਾ ਲਈ ਉਸਦੇ ਉਪਾਸ਼ਕ ਮਹਾਂਮਾਇਆ ਅਤੇ ਸ਼ਕਤੀ ਕਰਕੇ ਮੰਨਿਆਂ ਜਾਂਦਾ ਹੈ, ਉਸ ਨੂੰ ਵਿਦਵਾਨਾਂ ਨੇ ਮਹਾਂਨਿੰਦਤ, ਅਗਿਆਨ ਤੇ ਤਮ ਕਰਕੇ ਲਿਖਿਆ ਹੈ ਤੇ ਕਹਿੰਦੇ ਹਨ ਕਿ ਸੰਪੂਰਨ ਅਨਰਥਾਂ ਦਾ ਕਾਰਨ ਹੀ ਮਾਇਆ ਹੈ, ਜਿਸ ਕਰਕੇ ਸੰਪੂਰਨ ਮਹਾਤਮਾ ਵੈਰਾਗ ਤੇ ਜਪ ਤਪ ਕਰ ਰਹੇ ਹਨ।ਜਿਸ ਤੋਂ ਪਤਾ ਚੱਲ ਜਾਂਦਾ ਹੈ ਕਿ ਮਾਇਆ ਯਾ ਦੇਵੀ ਸੰਪੂਰਨ ਯਸ਼ ਦਾ ਅਧਾਰ ਨਹੀਂ ਹੋ ਸਕਦੀ।

ਇਸ ਤਰ੍ਹਾਂ ਸੰਪੂਰਨ ਲਛਮੀ ਦੀ ਅਧਪਤਿ ਭੀ ਨਹੀਂ ਹੋ ਸਕਦੀ ਕਿਉਂਕਿ ਮਾਇਆ ਵੀ ਇਕ ਹੋਰ ਪਦਾਰਥਾਂ ਵਾਂਗ ਕਲਪਤ ਪਦਾਰਥ ਹੈ ਤਾਂ ਤੇ ਇਸਨੂੰ ਸੰਪੂਰਨ ਪਦਾਰਥਾਂ ਦਾ ਮਾਲਕ ਅੰਗੀਕਾਰ ਕਰਨਾ ਅਯੁਕਤ ਹੈ, ਅਰ ਨਾਂ ਹੋ ਸਕਦੀ ਹੈ।

ਇਸੇ ਤਰ੍ਹਾਂ ਸਾਰੀ ਈਸ੍ਵਰਯਤਾ ਦੀ ਅਧਪਤੀ ਇਹ ਮਾਇਆ ਨਹੀਂ ਹੋ ਸਕਦੀ, ਪਰ ਇਹ ਵੀ ਹੋਰਨਾਂ ਵਸਤੂਆਂ ਵਾਂਗ ਇਕ ਈਸ੍ਵਰਯਤਾ ਦਾ ਹਿੱਸਾ ਹੈ ਨਾਂ ਕਿ ਮਾਲਕ।

ਅੱਗੇ ਇਸ ਨੂੰ ਸੰਪੂਰਨ ਗਿਆਨ ਭੀ ਨਹੀਂ ਹੈ, ਕਿਉਂਕਿ ਮਾਇਆ ਤਾਂ ਨਾਮ ਹੀ ਅਗਿਆਨਤਾ ਦਾ ਹੈ।ਜਿਵੇਂ ਅੰਧੇਰਾ ਕਿਸੇ ਪਦਾਰਥ ਦਾ ਗਿਆਨ ਨਹੀਂ ਰੱਖਦਾ।ਇਸੇ ਤਰ੍ਹਾਂ ਅਗਿਆਨ ਭੀ ਗਯਾਨ ਯਾ ਹੋਰਨਾਂ ਪਦਾਰਥਾਂ ਦਾ ਗਿਆਤਾ ਨਹੀਂ ਹੋ ਸਕਦਾ।

ਪੰਜਵਾਂ ਬੀਰਜ ਅਰਥਾਤ ਸੰਪੂਰਨ ਸ੍ਰਿਸ਼ਟੀ ਦਾ ਕਰਤਾ ਹੋਣ ਦਾ ਲੱਖਣ ਭੀ ਮਾਇਆ ਵਿਚ ਪੂਰਾ ਪੂਰਾ ਨਹੀਂ ਘਟ ਸਕਦਾ।ਕਿਉਂਕਿ ਇਹ ਸੁਤੰਤਰ ਕਰਤਾ ਕਦੇ ਭੀ ਨਹੀਂ ਹੋ ਸਕਦੀ।ਇਸਦਾ ਨਿਰ ਆਸਰੇ ਰਹਿਣਾ ਹੀ ਅਸੰਭਵ ਹੈ।ਬਹੁਤ ਲੋਕਾਂ ਨੇ ਮਾਇਆ ਈਸ਼੍ਰਵ ਦੀ ਸੱਤਾ ਪਾਕੇ ਕਾਰਨ ਮੰਨੀ ਹੈ, ਪਰ ਫਿਰ ਵੀ ਉਨ੍ਹਾਂ ਨੇ ਇਹ ਮੰਨਿਆਂ ਹੈ ਕਿ ਸੁਤੰਤਰ ਕਾਰਨ ਨਹੀਂ ਹੋ ਸਕਦੀ।ਇਸ ਵਾਸਤੇ ਸੰਪੂਰਨ ਬੀਰਜਤਾ ਭੀ ਇਸ ਵਿਚ ਨਹੀਂ ਪਾਈ ਜਾਂਦੀ।

ਇਸੇ ਤਰ੍ਹਾਂ ਛੇਵਾਂ ਭਾਗ ਵੈਰਾਗ ਹੈ, ਸੋ ਇਹ ਤਾਂ ਇਸ ਵਿਚ ਹੋਣਾ ਹੀ ਅਸੰਭਵ ਹੈ, ਕਿੰਤੂ ਉਲਟਾ ਰਾਗ ਅਰਥਾਤ ਬੰਧਨਾਂ ਦਾ ਕਾਰਨ ਹੈ।

ਇਹ ਸਾਰੇ ਭਾਗ ਇਕ ਅਕਾਲਪੁਰਖ ਵਿਚ ਪਾਏ ਜਾਂਦੇ ਹਨ, ਜਿਸ ਤੇ ਭਗਉਤੀ ਪਦ ਉਸੇ ਦਾ ਬੋਧਕ ਹੋ ਸਕਦਾ ਹੈ।ਇਸ ਵਾਸਤੇ ਜਦ ਇਸ ਯੋਗਕ ਪਦ ਦਾ ਲਖਯ ਅਰਥ ਵਿਚਾਰ ਕੇ ਦੇਖਿਆ ਜਾਏ ਤਾਂ ਭਗਾਉਤੀ ਕੇਵਲ ਅਕਾਲਪੁਰਖ ਦਾ ਹੀ ਨਾਮ ਹੈ ਜਿਸ ਤੇ ਉਹ ਖਟ ਭਾਗ ਸੰਪੰਨ ਹੈ।ਇਸਤੇ ਇਹ ਸਿੱਧ ਹੁੰਦਾ ਹੈ ਕਿ ਗੁਰੂ ਜੀ ਨੇ ਯੋਗਕ ਪਦ ਦਵਾਰੇ ਅਕਾਲਪੁਰਖ ਨੂੰ ਹੀ 'ਭਗਉਤੀ' ਅਰਥਾਤ ਖਟਭਗ ਸੰਪੰਨ ਆਖ ਕੇ ਉਸਦਾ ਮੰਗਲ ਇਸ ਜੰਗ ਵਾਲੇ ਚੰਡੀ ਦੇ ਕਿੱਸੇ ਵਿਚ ਕੀਤਾ ਹੈ।ਜਿਸਨੂੰ ਅਗਿਆਨੀ ਲੋਕਾਂ ਨੇ 'ਦੇਵੀ ਉਸਤਤ' ਸਮਝ ਲਿਆ ਤੇ ਨਿਸ਼ਚਾ ਕਰ ਲਿਆ ਕਿ ਗੁਰੂ ਜੀ ਨੇ ਦੇਵੀ ਨੂੰ ਮੰਨਿਆਂ ਹੈ, ਪਰ ਉਨ੍ਹਾਂ ਲੋਕਾਂ ਨੇ ਗੁਰੂ ਜੀ ਦੇ ਸਿਧਾਂਤ ਨੂੰ ਨਹੀਂ ਸੋਚਿਆ ਸਮਝਿਆ।

ਜਦ ਅਸੀਂ ਤੇਗ ਨੂੰ ਭਗਉਤੀ ਕਹਿੰਦੇ ਹਾਂ ਤਾਂ ਉਸਦਾ ਭਾਵ ਵੀ ਟੁਕੜੇ ਕਰ ਦੇਣ ਵਾਲੀ ਤੋਂ ਹੈ।ਇਹ ਆਮ ਮੁਹਾਵਰਾ ਹੈ ਕਿ 'ਫਲਾਣੇ ਨੇ ਤਲਵਾਰ ਦੇ ਜ਼ੋਰ ਨਾਲ ਮੁਲਕ ਦੇ ਟੁਕੜੇ ਕਰ ਦਿੱਤੇ'।ਭਾਵੇਂ ਭਗਉਤੀ ਪਦ ਦੇ ਤਲਵਾਰ, ਭਗਤੀ ਅਤੇ ਕਿਸੇ ਖਾਸ ਮੱਤ ਆਦਿਕ ਦੇ ਭੀ ਨਾਮ ਹੋਣਗੇ, ਪਰ ਗੁਰੂ ਜੀ ਦਾ ਭਾਵ ਕੇਵਲ ਅਕਾਲ ਪੁਰਖ ਦਾ ਹੀ ਹੈ, ਜਿਵੇ ਕਿ ਸ੍ਰੀ ਮੁਖ ਵਾਕਾਂ ਤੇ ਪਾਇਆ ਜਾਂਦਾ ਹੈ।

ਇਸ ਤਰ੍ਹਾਂ ਗੁਰੂ ਜੀ ਨੇ ਕਈ ਲਾਛਣਕ ਸ਼ਬਦਾਂ ਦਵਾਰਾ ਅਕਾਲ ਪੁਰਖ ਦਾ ਅਰਾਧਨ ਤੇ ਮੰਗਲ ਕੀਤਾ ਹੈ, ਜਿਸ ਨਾਲ ਕਈ ਅਗਿਆਨੀ ਲੋਕ ਧੋਖਾ ਖਾ ਗਏ ਹਨ, ਕਿਉਂਕਿ ਲਾਛਣਕ ਪਦ ਹਮੇਸ਼ਾ ਹੀ ਆਪਣੇ ਲਖ ਨੂੰ ਜਹਿਤੀ, ਅਜਹਿਤੀ ਅਤੇ ਭਾਗ, ਤਿਆਗ ਅਦਿਕ ਲੱਛਣਾ ਨਾਲ ਦੱਸਦੇ ਹਨ, ਜਿਸ ਤੇ ਵਿਦਿਆਹੀਨ ਲੋਕ ਉਨ੍ਹਾਂ ਦੇ ਤਾਤਪਰਜ ਨੂੰ ਨਾਂ ਜਾਣਕੇ, ਅਸਲੀ ਭਾਵ ਤੋਂ ਰਹਿ ਜਾਂਦੇ ਹਨ।

**ਜਹਤੀ** ਲੱਖਣਾ ਉਹ ਹੁੰਦੀ ਹੈ, ਜਿਸ ਵਿਚ ਸਾਰੇ ਵਾਚ ਅਰਥ ਦਾ ਤਿਆਗ ਕਰਕੇ ਲੱਖ ਨੂੰ ਪ੍ਰਤਿਪਾਦਨ ਕੀਤਾ ਜਾਏ।ਜਿਵੇਂ ਕੋਈ ਇਹ ਕਹੇ ਕਿ ਮੈਨੂੰ 'ਤਖਤ ਨੇ ਇਹ ਹੁਕਮ ਕੀਤਾ ਹੈ ਕਿ ਜੰਗ ਕਰ'।ਇਥੇ ਤਖਤ ਤੇ ਇਕ ਪਾਤਸ਼ਾਹ ਦੇ ਬੈਠਣ ਦਾ ਸਥਾਨ ਮਲੂਮ ਹੁੰਦਾ ਹੈ, ਪਰ ਤਖਤ ਆਪਣੇ ਆਪ ਕੋਈ ਹੁਕਮ ਕਰਨ ਦੀ ਸਮਰੱਥਾ ਨਹੀਂ ਰੱਖਦਾ ਕਿ ਕਿਸੇ ਨੂੰ ਜੰਗ ਕਰਨ ਦਾ ਹੁਕਮ ਕਰ ਸਕੇ।ਇਸਦਾ ਭਾਵ ਇਸ ਪਦ ਦੇ ਅਰਥ ਨੂੰ ਛੱਡਕੇ ਇਹ ਮੰਨਣਾ ਪੈਂਦਾ ਹੈ ਕਿ ਜੋ ਇਸ ਤਖਤ ਦਾ ਮਾਲਕ ਹੈ, ਉਹ ਆਗਿਆ ਦਿੰਦਾ ਹੈ।ਮਹਾਰਾਜ ਜੀ ਦੀ ਬਾਣੀ ਕਾਬਯ ਹੋਣ ਕਰਕੇ ਇਸ ਤਰ੍ਹਾਂ ਦੇ ਭਾਵਾਂ ਨਾਲ ਭਰੀ ਪਈ ਹੈ, ਜਿਸ ਦੇ ਭਾਵ ਅਰਥ ਨੂੰ ਨਾਂ ਜਾਣ ਕੇ ਹਜ਼ਾਰਾਂ ਆਦਮੀ ਇਸਦੇ ਸਿਧਾਂਤ ਨੂੰ ਛੱਡ ਗਏ ਹਨ ਤੇ ਮਨ ਕਲਪਤ ਅਰਥ ਬਣਾ ਲੈ ਹਨ।

**ਅਜਹਿਤੀ** ਲਖਣਾ ਵਾਲੇ ਪਦ ਉਹ ਹਨ ਜਿੰਨ੍ਹਾਂ ਵਿਚ ਵਾਚ ਅਰਥ ਦਾ ਭੀ ਗ੍ਰਹਣ ਹੋਵੇ ਤੇ ਲੱਖਣਾ ਦਵਾਰੇ ਵਾਚ ਤੋਂ ਅਧਿੱਕ ਦਾ ਭੀ ਅੰਗੀਕਾਰ ਕੀਤਾ ਜਾਵੇ।ਜਿਵੇਂ ਕੋਈ ਆਖੇ 'ਦਹੀਂ ਨੂੰ ਕਾਂ ਨਾਂ ਖਾ ਜਾਣ'।ਬੇਸ਼ੱਕ ਇਥੇ ਦਹੀਂ ਤੋਂ ਕਾਵਾਂ ਦੀ ਹੀ ਰਾਖੀ ਦੱਸੀ ਹੈ, ਪਰ ਸੁਣਨ ਵਾਲਾ ਇਸਤੋਂ ਵੱਧ ਇਹ ਭੀ ਸਮਝ ਲੈਂਦਾ ਹੈ ਕਿ ਕੁੱਤੇ, ਬਿੱਲੇ, ਡੰਗਰ ਆਦਿਕ ਨੂੰ ਭੀ ਦਹੀਂ ਨਹੀਂ ਖਾਣ ਦੇਣਾ।ਉਹ ਅਜਹਿਤੀ ਲੱਖਣਾ ਕਰਦਾ ਹੈ ਕਿ ਉਸਨੇ ਮੈਨੂੰ ਦਹੀਂ ਦੀ ਰੱਖਿਆ ਵਾਸਤੇ ਕਿਹਾ ਹੈ, ਸੋ ਜਿਤਨੇ ਭੀ ਦਹੀਂ ਦੇ ਵਿਰੋਧੀ ਹਨ, ਉਨ੍ਹਾਂ ਸਭ ਤੋਂ ਬਚਾਉਣਾ ਹੈ।

ਇਸ ਤਰ੍ਹਾਂ ਕਾਬਯ ਵਕਤਾ ਦੀ ਰਚਨਾ ਵਿਚ ਕਈ ਸ਼ਬਦ ਅਜਹਿਤੀ ਲਖਣਾ ਦੁਆਰਾ ਵਾਚ ਅਰਥ ਤੋਂ ਵੱਧ ਦਾ ਗਿਆਨ ਕਰਾਉਂਦੇ ਹਨ।ਜਿਵੇਂ ਨਮਸਕਾਰ ਸ੍ਰੀ ਖੜਗ ਕਉ...ਤੋਂ ਲੈਕੇ, ਨਮੋ ਖੜਗ ਖੰਡੰ ਕ੍ਰਿਪਾਣੰ ਕਟਾਰੰ...ਨਮੋ ਬਾਣ ਬਾਣੰ... ਨਮਸਕਾਰੰ ਮੋਰ ਤੀਰੰ ਤੁਫੰਗੰ...ਗਦਾਯੰ ਗ੍ਰਿਸਟੰ ਨਮੋ ਸੈਹਥੀਅੰ।ਇਥੇ ਖੜਗ ਨੂੰ ਰੱਖਿਆ ਕਰਦੀ ਕਰਕੇ ਨਮਸਕਾਰ ਤੋਂ ਬਾਅਦ ਬਾਕੀ ਸਾਰੇ ਸ਼ਸਤ੍ਰ ਕਮਾਣ, ਬਾਣ, ਦੰਡਾ, ਤੀਰ, ਤੁਫੰਗ, ਗਦਾ, ਬਰਛੀ, ਚੱਕ੍ਰ, ਤੋਪ, ਘੋਪ ਅਦਿਕ ਨੂੰ ਭੀ ਨਮਸਕਾਰ ਕਰਨੀ ਪਈ।

ਤੀਸਰਾ ਜਦ ਫਿਰ ਮੁੜਕੇ ਉਨ੍ਹਾਂ ਪਦਾਂ ਵਿਚ **ਭਾਗ ਤਿਆਗ** ਲਖਣਾ ਕੀਤੀ ਜਾਂਦੀ ਹੈ ਤਾਂ ਅਸਲੀ ਤੱਤ ਦਾ ਗਿਆਨ ਹੋ ਜਾਂਦਾ ਹੈ।ਵਿਚਾਰ ਕਰਨ ਨਾਲ ਸ਼ਸਤਰ ਇਕ ਜੜ੍ਹ ਲੋਹੇ ਦੇ ਬਣੇ ਹੋਏ ਅਲਪੱਗ ਪਦਾਰਥ ਹਨ, ਜਿੰਨ੍ਹਾਂ ਵਿਚ ਟੁੱਟ ਜਾਣਾ, ਨਾਸ ਹੋ ਜਾਣਾ, ਚੁਰਾਏ ਜਾਣ ਆਦਿ ਕਈ ਤਰ੍ਹਾਂ ਦੇ ਦੋਖ ਹਨ।ਇਸ ਵਾਸਤੇ ਜੜ੍ਹ ਵਸਤੂ ਨੂੰ ਨਮਸਕਾਰ ਦਾ ਕਰਨਾ ਗਯਾਨਵਾਨ ਤੇ ਧਰਮ ਧੁਜਾ ਤਾਈਂ ਮਹਾਂਅਯੋਗ ਹੈ।ਇਸ ਲਈ ਇਸ ਜਗ੍ਹਾ ਸਾਰੇ ਸ਼ਸਤਰਾਂ ਦੇ ਲੋਸਟ, ਜੜ੍ਹ, ਅਲਪੱਗ ਸਾਰੇ ਗੁਣਾ ਦਾ ਤਿਆਗ ਕਰਕੇ, ਅਕਾਲਪੁਰਖ ਜੋ ਸਾਰੇ ਸ਼ਸਤਰਾਂ ਦਾ ਸ਼ਸਤਰ ਹੈ, ਅਰ ਜਿਸਦੀ ਸ਼ਕਤੀ ਸਾਰੇ ਸ਼ਸਤਰਾਂ ਵਿਚ ਕੰਮ ਕਰ ਰਹੀ ਹੈ, ਉਸਦਾ ਗਿਆਨ ਅੰਗੀਕਾਰ ਕਰਨਾ ਪੈਂਦਾ ਹੈ, ਜਿਸਤੇ ਉਸਨੂੰ ਨਮਸਕਾਰ ਕਰਨੀ ਉਚਿਤ ਸਮਝੀ ਜਾਂਦੀ ਹੈ, ਅਤੇ ਲੋਸਟ ਅਤੇ ਉਨ੍ਹਾਂ ਦੀ ਜੜ੍ਹਤਾ ਦੇ ਹਿੱਸੇ ਦਾ ਤਿਆਗ ਹੋ ਜਾਂਦਾ ਹੈ।

ਇਸ ਤਰ੍ਹਾਂ ਜੋ ਅਕਾਲਪੁਰਖ ਦੇ ਅਲਖ, ਅਰੂਪ, ਨਿਰਗੁਣ ਆਦਿਕ ਸੁਭਾਵਕ ਗੁਣ ਹਨ ਦ੍ਰਿਸਤਾ ਤੇ ਅਲਪੱਗਤਾ ਆਦਿਕ ਦਾ ਹੋਣਾ ਅਸੰਭਵ ਜਾਣ ਕੇ ਇਤਨੀ ਅੰਸ ਦਾ ਗ੍ਰਿਹਣ ਕੀਤਾ ਜਾਂਦਾ ਹੈ ਕਿ ਉਹ ਆਪਣੇ ਬਿਯਾਪਕ ਸਰੂਪ ਅਤੇ ਸੂਖਮ ਸਮਰੱਥਾ ਨਾਲ ਇੰਨ੍ਹਾਂ ਸ਼ਸਤਰਾਂ ਦਵਾਰਾ ਸਾਰੇ ਡਰਾਂ ਤੋਂ ਰੱਖਿਆ ਕਰਦਾ ਹੈ।ਇਸ ਤਰ੍ਹਾਂ ਇਸ ਭਾਗ ਤਿਯਾਗ ਲਛਣਾ ਤੋਂ ਕੇਵਲ ਅਕਾਲਪੁਰਖ ਦਾ ਹੀ ਗਿਆਨ ਹੁੰਦਾ ਹੈ, ਜਿਸ ਨਾਲ ਗੁਰੂ ਜੀ ਦੇ ਅਕਾਲ ਅਰਾਧਣ ਦਾ ਹੀ ਸਿੱਧ ਹੁੰਦਾ ਹੀ ਮੰਨਿਆਂ ਜਾਂਦਾ ਹੈ।

ਅਮਰਜੀਤ ਸਿੰਘ ਖੋਸਾ ਫਰਵਰੀ 06, 2012